hamdardtvcanada | @hamdardmediagroup | ads@hamdardtv.ca
24 ਘੰਟੇ 7 ਦਿਨ ਹਮਦਰਦ ਟੀ.ਵੀ. ਵੇਖਣ ਲਈ www hamdardmediagroup.com ਤੇ ਵਿਜ਼ਿਟ ਕਰੋ
Daily Hamdard
Estd.1991
ਹਮਦਰਦ
21 ਮਾਰਚ, 2026
HAMDARD PUNJABI NEWSPAPER: 2-1332 Khalsa Drive, Mississauga, ON L5S 0A2, Canada
www.hamdardmediagroup.com | Email: ads@hamdardtv.ca | Ph: 905.791.9999

# ਅਮਰੀਕਾ ਦੇ ਲੱਖਾਂ ਲੋਕਾਂ ਦੀ ਨਿਕਲੀ ਲਾਟਰੀ

## ਟਰੰਪ ਸਰਕਾਰ ਵਾਪਸ ਕਰੇਗੀ ਅਰਬਾਂ ਡਾਲਰ

ਨਿਊ ਯਾਰਕ, 19 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਲੱਖਾਂ ਲੋਕਾਂ ਦੀ ਲਾਟਰੀ ਨਿਕਲ ਚੁੱਕੀ ਹੈ ਪਰ ਜ਼ਿਆਦਾਤਰ ਨੂੰ ਇਸ ਬਾਰੇ ਪਤਾ ਹੀ ਨਹੀਂ। ਜੀ ਹਾਂ, ਨਵੰਬਰ 2025 ਦੇ ਇਕ ਅਦਾਲਤੀ ਫ਼ੈਸਲੇ ਨੇ ਸਭ ਕੁਝ ਬਦਲ ਦਿਤਾ ਅਤੇ ਉਹ ਅਮੈਰਿਕਨਜ਼ ਅਰਬਾਂ ਡਾਲਰ ਦੇ ਹੱਕਦਾਰ ਬਣ ਗਏ ਜਿਨ੍ਹਾਂ ਨੇ 2019 ਤੋਂ 2023 ਦਰਮਿਆਨ ਟੈਕਸ ਅਦਾਇਗੀਆਂ ਵਿਚ ਦੇਰ ਹੋਣ 'ਤੇ



ਜੁਰਮਾਨੇ ਅਦਾ ਕੀਤੇ ਜਾਂ ਵਿਆਜ ਭਰਿਆ। ਅਦਾਲਤ ਨੇ ਚਾਰ ਸਾਲ ਦੇ ਸਮੇਂ ਨੂੰ ਕੋਰੋਨਾ ਮਹਾਂਮਾਰੀ ਨਾਲ ਸਬੰਧਤ ਕਰਾਰ ਦਿੰਦਿਆਂ ਇੰਟਰਨਲ ਰੈਵੇਨਿਊ ਸਰਵਿਸ ਨੂੰ ਹੁਕਮ ਦਿਤੇ ਹਨ ਕਿ ਜੁਰਮਾਨੇ ਜਾਂ ਵਿਆਜ ਨਾਲ ਸਬੰਧਤ ਰਕਮ ਵਾਪਸ ਕੀਤੀ ਜਾਵੇ। ਫਰੌਸਟ ਲਾਅ ਦੀ ਪਾਰਟਨਰ ਜੈਸਿਕਾ ਮਰੀਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਲੱਖਾਂ ਦੀ ਗਿਣਤੀ ਵਿਚ ਕਾਰੋਬਾਰੀਆਂ ਅਤੇ ਆਮ ਲੋਕਾਂ ਨੂੰ ਅਰਬਾਂ ਡਾਲਰ ਦਾ ਰਿਫ਼ੰਡ ਮਿਲ ਸਕਦਾ ਹੈ।

ਇਸੇ ਦੌਰਾਨ ਓਹਾਇਓ ਦੀ ਟੈਕਸ ਲਾਅ ਫ਼ਰਮ ਦੇ ਈਵਾਨ ਐਚ. ਗੋਲਡਨ ਨੇ ਦੱਸਿਆ ਕਿ ਵੱਡੇ ਕਾਰੋਬਾਰੀਆਂ ਨੂੰ ਵੱਡੇ ਰਿਫ਼ੰਡ ਮਿਲ ਸਕਦੇ ਹਨ ਜਦਕਿ ਆਮ ਲੋਕਾਂ ਨੂੰ ਉਨ੍ਹਾਂ ਵੱਲੋਂ ਅਦਾ ਕੀਤੇ ਜੁਰਮਾਨੇ ਦੇ ਹਿਸਾਬ ਨਾਲ ਰਕਮ ਮਿਲੇਗੀ। ਦੱਸ ਦੇਈਏ ਕਿ ਅਦਾਲਤੀ ਫੈਸਲੇ ਵਿਚ ਸਪੱਸ਼ਟ ਤੌਰ 'ਤੇ ਆਖਿਆ ਕਿ ਕੋਰੋਨਾ ਮਹਾਂਮਾਰੀ ਅਮਰੀਕਾ ਦੇ ਟੈਕਸ ਕਾਨੂੰਨ ਅਧੀਨ ਵੱਡੀ ਆਫ਼ਤ ਰਹੀ ਅਤੇ ਅਜਿਹੇ ਵਿਚ ਲੋਕਾਂ ਤੋਂ ਵਸੂਲ ਕੀਤੀਆਂ ਪੈਨਲਟੀਜ਼ ਤੇ ਵਿਆਜ ਰਿਫੰਡ ਕੀਤਾ ਜਾਵੇ। ਅਮਰੀਕਾ ਦਾ ਕਾਨੂੰਨ ਕੁਦਰਤੀ ਆਫ਼ਤਾਂ ਦੌਰਾਨ ਇੰਟਰਨਲ ਰੈਵੇਨਿਊ ਸਰਵਿਸ ਨੂੰ ਇਨਕਮ ਟੈਕਸ ਭਰਨ ਦੀ ਹੱਦ ਵਧਾਉਣ ਦੀ ਇਜਾਜ਼ਤ ਦਿੰਦਾ ਹੈ। 2020 ਵਿਚ ਰਾਸ਼ਟਰਪਤੀ ਵੱਲੋਂ ਕੌਮੀ ਐਮਰਜੰਸੀ ਦਾ ਐਲਾਨ ਕੀਤਾ ਗਿਆ ਅਤੇ ਕਾਂਗਰਸ ਨੇ ਕਾਨੂੰਨ ਪਾਸ ਕਰਦਿਆਂ ਟੈਕਸ ਜਮ੍ਹਾਂ ਕਰਵਾਉਣ ਦੀ ਸਮਾਂ ਹੱਦ ਅੱਗੇ ਪਾਉਣ ਦੇ ਹਦਾਇਤਾਂ ਦਿਤੀਆਂ। ਇਹ ਮੁਕੱਦਮਾ ਵੱਡੀ ਅਹਿਮੀਅਤ ਰਖਦਾ ਹੈ ਪਰ ਜ਼ਿਆਦਾਤਰ ਲੋਕਾਂ ਨੂੰ ਰਿਫ਼ੰਡ ਦੇ ਦਾਅਵਿਆਂ ਬਾਰੇ ਜਾਣਕਾਰੀ ਹੀ ਨਹੀਂ। ਇੰਟਰਨਲ ਰੈਵੇਨਿਊ ਸਰਵਿਸ ਕੋਲ ਦਾਅਵਾ ਪੇਸ਼ ਕਰਨ ਦੀ ਅੰਤਮ ਮਿਤੀ 10 ਜੁਲਾਈ 2026 ਤੈਅ ਕੀਤੀ ਗਈ ਹੈ ਪਰ ਇਸ ਤੋਂ ਪਹਿਲਾਂ ਆਈ.ਆਰ.ਐਸ. ਵੱਲੋਂ ਅਦਾਲਤੀ ਫੈਸਲੇ ਨੂੰ ਚੁਣੌਤੀ ਵੀ ਦਿਤੀ ਜਾ ਸਕਦੀ ਹੈ। ਦੂਜੇ ਪਾਸੇ ਜੈਸਿਕਾ ਮਰੀਨ ਦਾ ਕਹਿਣਾ ਸੀ ਕਿ ਆਈ.ਆਰ.ਐਸ. ਵੱਲੋਂ ਉਚ ਅਦਾਲਤ ਵਿਚ ਜਾਣ ਦੇ ਆਸਾਰ ਨਹੀਂ ਅਤੇ ਉਹ ਨਵੰਬਰ 2025 ਵਿਚ ਆਏ ਹੁਕਮਾਂ ਦੀ ਪਾਲਣਾ ਕਰੇਗੀ। ਇਸੇ ਦੌਰਾਨ ਈਵਾਨ ਨੇ ਕਿਹਾ ਕਿ ਇਨਕਮ ਟੈਕਸ ਭਰਨ ਵਿਚ ਦੇਰ ਹੋਣ 'ਤੇ ਪੈਨਲਟੀ ਅਤੇ ਫਿਰ ਪੈਨਲਟੀ ਉਤੇ ਵਿਆਜ ਭਰਨ ਵਾਲਿਆਂ ਦੀ ਅਸਲ ਗਿਣਤੀ ਬਾਰੇ ਦੱਸਣਾ ਮੁਸ਼ਕਲ ਹੈ ਜੋ ਲੱਖਾਂ ਵਿਚ ਹੋ ਸਕਦੀ ਹੈ। ਅਮਰੀਕਾ ਵਿਚ ਇਨਕਮ ਟੈਕਸ ਰਿਟਰਨ ਦਾਖਲ ਕਰਨ ਦੀ ਅੰਤਮ ਮਿਤੀ 15 ਅਪ੍ਰੈਲ ਹੈ ਜਿਸ ਦੇ ਮੱਦੇਨਜ਼ਰ ਅਰਬਾਂ ਡਾਲਰ ਦੇ ਰਿਫ਼ੰਡ ਹੋਰ ਵੀ ਅਹਿਮ ਬਣ ਜਾਂਦੇ ਹਨ।

# ਕੈਨੇਡਾ ਦੇ ਬੀਰਇੰਦਰ ਕਤਲ ਮਾਮਲੇ ਵਿਚ ਨਵੇਂ ਖੁਲਾਸੇ

## ਗੱਡੀ ਵਿਚ ਮੌਜੂਦ ਦੋਸਤਾਂ ਸੁਣਾਈ ਹੱਡਬੀਤੀ

ਐਡਮਿੰਟਨ, 19 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਬੀਰਇੰਦਰ ਸਿੰਘ ਦੇ ਕਤਲ ਦੌਰਾਨ ਗੱਡੀ ਵਿਚ ਮੌਜੂਦ 2 ਸਿੱਖ ਨੌਜਵਾਨਾਂ ਨੇ ਮੀਡੀਆ ਸਾਹਮਣੇ ਆਉਂਦਿਆਂ ਹੈਰਾਨਕੁੰਨ ਖੁਲਾਸੇ ਕੀਤੇ ਹਨ ਜਿਸ ਮਗਰੋਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਐਲਬਰਟਾ ਆਰ.ਸੀ.ਐਮ.ਪੀ. ਨੂੰ ਮਾਮਲੇ ਦੀ ਪੜਤਾਲ ਨਸਲੀ ਨਫ਼ਰਤ ਦੇ ਨਜ਼ਰੀਏ ਤੋਂ ਕਰਨ ਦੀ ਅਪੀਲ ਕੀਤੀ ਗਈ ਹੈ। ਆਪਣੀ ਪਛਾਣ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਦੋਹਾਂ ਸਿੱਖ ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਦਾ ਕਿਸੇ ਨਾਲ ਕੋਈ ਝਗੜਾ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਨੇ ਹਮਲਾਵਰ ਦੀ ਗੱਡੀ ਨਾਲ ਰੇਸ ਲਾਉਣ ਦਾ ਕੋਈ ਯਤਨ ਕੀਤਾ। ਦੋਹਾਂ ਨੇ ਸਵਾਲੀਆ ਲਹਿਜ਼ੇ ਵਿਚ ਕਿਹਾ ਕਿ ਉਹ ਸਾਨੂੰ ਗੋਲੀਆਂ ਮਾਰ ਰਹੇ ਹਨ ਜਦਕਿ ਅਸੀਂ ਕੁਝ ਗ਼ਲਤ ਨਹੀਂ ਕੀਤਾ। ਗੱਡੀ ਬੀਰਇੰਦਰ ਸਿੰਘ ਚਲਾ ਰਿਹਾ ਸੀ ਅਤੇ ਉਸ ਨੇ ਹਮਲਾਵਰ ਦੀ ਗੱਡੀ ਨੂੰ ਓਵਰਟੇਕ ਕਰਨ ਦਾ ਯਤਨ ਵੀ ਨਾ ਕੀਤਾ। ਸੰਭਾਵਤ ਤੌਰ 'ਤੇ ਪਿਕਅੱਪ ਟਰੱਕ ਵਿਚ ਸਵਾਰ ਹਮਲਾਵਰ ਨੇ ਸਿੱਖ ਨੌਜਵਾਨਾਂ ਦੀ ਭੂਰੀ ਚਮੜੀ ਕਰ ਕੇ ਵਾਰਦਾਤ ਨੂੰ ਅੰਜਾਮ ਦਿਤਾ। ਇਸੇ ਦੌਰਾਨ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੀ ਉਨਟਾਰੀਓ ਇਕਾਈ ਦੇ ਪ੍ਰਧਾਨ ਜਸਪ੍ਰੀਤ ਸਿੰਘ ਨੇ ਕਿਹਾ ਕਿ ਬੀਰਇੰਦਰ ਕਤਲਕਾਂਡ ਵਿਚ ਕੁਝ



ਵੀ ਸਾਧਾਰਣ ਵਾਰਦਾਤ ਵਰਗਾ ਨਜ਼ਰ ਨਹੀਂ ਆਉਂਦਾ। ਹੁਣ ਤੱਕ ਪੁਲਿਸ ਵੱਲੋਂ ਵੀ ਕਤਲ ਦੇ ਅਸਲ ਕਾਰਨਾਂ ਬਾਰੇ ਕੋਈ ਤਸਦੀਕ ਨਹੀਂ ਕੀਤੀ ਗਈ ਪਰ ਪ੍ਰਵਾਸੀਆਂ ਪ੍ਰਤੀ ਨਫ਼ਰਤ 14 ਮਾਰਚ ਨੂੰ ਵਾਪਰੇ ਜਾਨਲੇਵਾ ਗੋਲੀਕਾਂਡ ਦਾ ਕਾਰਨ ਹੋ ਸਕਦੀ ਹੈ।

ਇਹ ਕੋਈ ਰੋਡ ਰੇਜ ਦਾ ਮਾਮਲਾ ਮਹਿਸੂਸ ਨਹੀਂ ਹੁੰਦਾ ਕਿਉਂਕਿ ਬਗੈਰ ਭੜਕਾਹਟ ਤੋਂ ਚਲਾਈ ਗੋਲੀ ਬੀਰਇੰਦਰ ਸਿੰਘ ਦੀ ਧੌਣ ਵਿਚ ਵੱਜੀ ਅਤੇ ਆਖਰਕਾਰ ਉਹ ਦਮ ਤੋੜ ਗਿਆ। ਡਬਲਿਊ.ਐਸ.ਓ. ਨੇ ਕਿਹਾ ਕਿ ਦਿਨ ਦਿਹਾੜੇ ਗੋਲੀਬਾਰੀ ਦੀ ਵਾਰਦਾਤ ਦਾ ਸ਼ੱਕੀ ਹੁਣ ਤੱਕ ਫੜਿਆ ਨਹੀਂ ਜਾ ਸਕਿਆ ਅਤੇ ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਪੂਰੇ ਕੈਨੇਡਾ ਵਿਚ ਸਿੱਖਾਂ ਉਤੇ ਹਮਲੇ ਹੋ ਰਹੇ ਹਨ। ਜਸਪ੍ਰੀਤ ਸਿੰਘ ਨੇ ਅੱਗੇ ਕਿਹਾ ਕਿ ਪਿਛਲੇ ਕੁਝ ਵਰ੍ਹਿਆਂ ਦੌਰਾਨ ਸਿੱਖ ਬਾਣੇ ਵਾਲੇ ਪ੍ਰਵਾਸੀਆਂ ਵਿਰੁੱਧ ਨਫ਼ਰਤੀ ਹਮਲੇ ਵਧੇ ਹਨ ਅਤੇ ਜਥੇਬੰਦੀ ਵੱਲੋਂ ਇਸ ਬਾਰੇ ਲਗਾਤਾਰ ਆਵਾਜ਼ ਉਠਾਈ ਜਾ ਰਹੀ ਹੈ। ਡਬਲਿਊ ਐਸ.ਓ. ਮੁਤਾਬਕ ਸੋਸ਼ਲ ਮੀਡੀਆ ਦੇ ਹਰ ਪਲੈਟਫ਼ਾਰਮ 'ਤੇ ਸਿੱਖਾਂ ਵਿਰੁੱਧ ਨਫ਼ਰਤ ਫੈਲਾਉਣ ਦੇ ਯਤਨ ਕੀਤੇ ਜਾ ਰਹੇ ਹਨ ਜਿਸ ਦਾ ਅਸਰ ਹਿੰਸਾ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ।

ਇਥੇ ਦਸਣਾ ਬਣਦਾ ਹੈ ਕਿ ਬੀਰਇੰਦਰ ਸਿੰਘ ਤਿੰਨ ਸਾਲ ਪਹਿਲਾਂ ਕੈਨੇਡਾ ਪੁੱਜਾ ਅਤੇ ਹੁਣ ਤੱਕ ਪੰਜਾਬ ਗੇੜਾ ਨਹੀਂ ਸੀ ਲਾਇਆ। ਬਿਜ਼ਨਸ ਸਕੂਲ ਵਿਚ ਪੜ੍ਹਾਈ ਅਤੇ ਕੰਸਟ੍ਰਕਸ਼ਨ ਕੰਪਨੀ ਦਾ ਮਾਲਕ ਬਣਨ ਦਾ ਸੁਪਨਾ ਬੀਰਇੰਦਰ ਸਿੰਘ ਨੂੰ ਬਰੈਂਪਟਨ ਲੈ ਆਇਆ। ਸਿਰਫ਼ ਪੰਜ ਮਹੀਨੇ ਪਹਿਲਾਂ ਹੀ ਉਹ ਐਡਮਿੰਟਨ ਮੂਵ ਹੋਇਆ ਜਿਥੇ ਕੰਸਟ੍ਰਕਸ਼ਨ ਸੈਕਟਰ ਵਿਚ ਕੰਮ ਕਰ ਰਿਹਾ ਸੀ।

# ਆਸਟ੍ਰੇਲੀਆ ਵਿਚ ਵਿਜ਼ਟਰ ਵੀਜ਼ਾ ਵਾਲਿਆਂ ਦਾ ਦਾਖਲਾ ਬੰਦ

## ਈਰਾਨ ਜੰਗ ਦੇ ਮੱਦੇਨਜ਼ਰ ਆਰਜ਼ੀ ਬੰਦਿਸ਼ਾਂ ਲਾਗੂ



1 ਜੁਲਾਈ ਤੋਂ ਆਸਟ੍ਰੇਲੀਆ ਸਟੱਡੀ ਵੀਜ਼ੇ ਦਾ 'ਚੋਰ ਦਰਵਾਜ਼ਾ' ਵੀ ਬੰਦ

ਮੈਲਬਰਨ, 19 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਆਸਟ੍ਰੇਲੀਆ ਨੇ ਇਕ ਵੱਡਾ ਫ਼ੈਸਲਾ ਲੈਂਦਿਆਂ ਵਿਜ਼ਟਰ ਵੀਜ਼ਾ ਵਾਲਿਆਂ ਦੇ ਮੁਲਕ ਵਿਚ ਦਾਖਲ ਹੋਣ 'ਤੇ ਰੋਕ ਲਾ ਦਿਤੀ ਹੈ। ਜੀ ਹਾਂ, ਇੰਮੀਗ੍ਰੇਸ਼ਨ ਵਿਭਾਗ ਦਾ ਮੰਨਣਾ ਹੈ ਕਿ ਈਰਾਨ ਜੰਗ ਦੇ ਮੱਦੇਨਜ਼ਰ ਹਾਲਾਤ ਹੋਰ ਵਿਗੜ ਸਕਦੇ ਹਨ ਅਤੇ ਸੰਭਵ ਹੈ ਕਿ ਵਿਜ਼ਟਰ ਵੀਜ਼ਾ 'ਤੇ ਆਉਣ ਵਾਲੇ ਵਾਪਸ ਹੀ ਨਾ ਜਾਣ ਜਿਸ ਦੇ ਮੱਦੇਨਜ਼ਰ ਮੁਲਕ ਵਿਚ ਦਾਖਲੇ 'ਤੇ ਆਰਜ਼ੀ ਬੰਦਿਸ਼ਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਆਸਟ੍ਰੇਲੀਆ ਸਰਕਾਰ ਵੱਲੋਂ ਮਾਇਗ੍ਰੇਸ਼ਨ ਸੋਧ ਐਕਟ ਅਧੀਨ ਨਵੇਂ ਹੁਕਮ ਲਾਗੂ ਕੀਤੇ ਗਏ ਹਨ ਅਤੇ ਇੰਮੀਗ੍ਰੇਸ਼ਨ ਵਿਭਾਗ ਦਾ ਕਹਿਣਾ ਹੈ ਕਿ ਮੱਧ ਪੂਰਬ ਦਾ ਸੰਕਟ ਖ਼ਤਮ ਹੋਣ ਮਗਰੋਂ ਜਾਇਜ਼ ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ ਅਤੇ ਟੈਂਪਰੇਰੀ ਵਰਕ ਵੀਜ਼ਾ ਵਾਲਿਆਂ ਨੂੰ ਦਾਖ਼ਲ ਹੋਣ ਦੀ ਇਜਾਜ਼ਤ ਦਿਤੀ ਜਾਵੇਗੀ। ਟੈਂਪਰੇਰੀ ਰੈਜ਼ੀਡੈਂਟਸ ਦੇ ਦਾਖਲ ਹੋਣ ਉਤੇ ਲੱਗੀ ਪਾਬੰਦੀ ਦਾ ਸਭ ਤੋਂ ਵੱਧ ਅਸਰ ਭਾਰਤੀਆਂ ਉਤੇ ਪੈਣ ਦੇ ਆਸਾਰ ਹਨ ਜਿਥੋਂ ਵੱਡੀ ਗਿਣਤੀ ਵਿਚ ਵਿਜ਼ਟਰ ਅਤੇ ਸਟੱਡੀ ਵੀਜ਼ਾ ਵਾਲੇ ਆਸਟ੍ਰੇਲੀਆ ਪੁੱਜਦੇ ਹਨ। ਆਸਟ੍ਰੇਲੀਆ ਸਿੱਧੇ ਤੌਰ 'ਤੇ ਜੰਗ ਵਿਚ ਸ਼ਾਮਲ ਨਹੀਂ ਪਰ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਦਾ ਵਿਰੋਧ ਕਰਦਾ ਆਇਆ ਹੈ ਅਤੇ ਐਂਥਨੀ ਐਲਬਨੀਜ਼ ਦੀ ਸਰਕਾਰ ਮੌਜੂਦਾ ਹਾਲਾਤ ਨੂੰ ਡੂੰਘੀਆਂ ਚਿਤਾਵਾਂ ਵਾਲੇ ਮੰਨ ਰਹੀ ਹੈ।

# ਅਮਰੀਕਾ ਦਾ ਵੀਜ਼ਾ 15000 ਡਾਲਰ ਵਿਚ, 50 ਮੁਲਕਾਂ 'ਤੇ ਲਾਗੂ ਹੋਇਆ ਨਵਾਂ ਨਿਯਮ

## 250 ਡਾਲਰ ਫ਼ੀਸ ਵੀ ਜਲਦ ਹੋ ਰਹੀ ਲਾਗੂ

ਵਾਸ਼ਿੰਗਟਨ, 19 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਵਿਜ਼ਟਰ ਵੀਜ਼ਾ 'ਤੇ ਅਮਰੀਕਾ ਆਉਣ ਦੇ ਇੱਛਕ ਲੋਕਾਂ ਦੀਆਂ ਔਕੜਾਂ ਵਿਚ ਵਾਧਾ ਕਰਦਿਆਂ ਟਰੰਪ ਸਰਕਾਰ ਵੱਲੋਂ 15 ਹਜ਼ਾਰ ਡਾਲਰ ਵਾਲੇ ਬੌਂਡ ਵਾਲੀ ਸ਼ਰਤ 12 ਹੋਰ ਮੁਲਕਾਂ 'ਤੇ ਲਾਗੂ ਕੀਤੀ ਜਾ ਰਹੀ ਹੈ ਅਤੇ ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ ਜਲਦ ਹੀ ਭਾਰਤ ਅਤੇ ਪਾਕਿਸਤਾਨ ਵੀ ਇਸ ਦੇ ਦਾਇਰੇ ਵਿਚ ਆ ਸਕਦੇ ਹਨ। ਜੀ ਹਾਂ, ਆਉਂਦੀ 2 ਅਪ੍ਰੈਲ ਤੋਂ ਕੁਲ 50 ਮੁਲਕਾਂ ਦੇ ਲੋਕ ਵਾਸਤੇ ਯੂ.ਐਸ. ਵੀਜ਼ਾ ਲਈ 15 ਹਜ਼ਾਰ ਡਾਲਰ ਦਾ ਬੌਂਡ ਭਰਨਾ ਲਾਜ਼ਮੀ ਹੋ ਜਾਵੇਗਾ। ਦੂਜੇ ਪਾਸੇ 250 ਡਾਲਰ ਦੀ ਵੀਜ਼ਾ ਇੰਟੈਗਰਿਟੀ ਫੀਸ ਕਿਸੇ ਵੀ ਵੇਲੇ ਲਾਗੂ ਕੀਤੀ ਜਾ ਸਕਦੀ ਹੈ ਜਿਸ ਨਾਲ ਸਬੰਧਤ ਕਾਨੂੰਨ ਉਤੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਜੁਲਾਈ 2025 ਵਿਚ ਦਸਤਖ਼ਤ ਕੀਤੇ ਸਨ ਪਰ ਕੁਝ ਕਾਰਨਾਂ ਕਰ ਕੇ ਫੀਸ ਲਾਗੂ ਨਾ ਕੀਤੀ ਜਾ ਸਕੀ। ਅਮਰੀਕਾ ਦੇ ਵਿਦੇਸ਼ ਵਿਭਾਗ ਮੁਤਾਬਕ 15 ਹਜ਼ਾਰ ਡਾਲਰ ਬੌਂਡ ਵਾਲੇ ਘੇਰੇ ਵਿਚ ਹੁਣ ਕੰਬੋਡੀਆ, ਜਾਰਜੀਆ, ਗ੍ਰੇਨਾਡਾ, ਮੌਰਿਸ਼ਸ, ਮੌਜ਼ੰਬੀਕ, ਨਿਕਾਰਾਗੁਆ, ਪਾਪੂਆ ਨਿਊ ਗਿਨੀ, ਟਿਊਨੀਸ਼ੀਆ, ਸੇਸ਼ਲਜ਼ ਅਤੇ ਇਥੀਓਪੀਆ ਵਰਗੇ ਮੁਲਕ ਵਿਚ ਸ਼ਾਮਲ ਕੀਤੇ ਜਾ ਰਹੇ ਹਨ। ਇਸ ਤੋਂ ਪਹਿਲਾਂ ਬੀ-1 ਜਾਂ ਬੀ-2 ਵੀਜ਼ਾ ਲਈ 38 ਮੁਲਕਾਂ ਦੇ ਲੋਕਾਂ ਨੂੰ 15 ਹਜ਼ਾਰ ਡਾਲਰ ਦਾ ਬੌਂਡ ਦਾਖਲ ਕਰਨਾ ਪੈ ਰਿਹਾ ਹੈ ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਬੰਗਲਾਦੇਸ਼, ਕਿਊਬਾ, ਮਲਾਵੀ, ਨੇਪਾਲ, ਭੂਟਾਨ, ਜ਼ਿੰਬਾਬਵੇ, ਵੈਨੇਜ਼ੁਏਲਾ ਅਤੇ ਜ਼ਾਂਬੀਆ ਦੇ ਨਾਂ ਲਏ ਜਾ ਸਕਦੇ ਹਨ। ਇੰਮੀਗ੍ਰੇਸ਼ਨ ਐਂਡ ਕਸਮਟਜ਼ ਐਨਫ਼ੋਰਸਮੈਂਟ ਵਾਲਿਆਂ ਦਾ ਕਹਿਣਾ ਹੈ ਕਿ ਵਿਜ਼ਟਰ ਵੀਜ਼ਾ ਜਾਂ




ਬਿਜ਼ਨਸ ਵੀਜ਼ਾ 'ਤੇ ਆਉਣ ਵਾਲੇ ਕੁਝ ਆਪਣੇ ਮੁਲਕ ਵਾਪਸੀ ਨਹੀਂ ਕਰਦੇ ਅਤੇ ਅਮਰੀਕਾ ਦੀਆਂ ਸਮਾਜਿਕ ਸੇਵਾਵਾਂ ਉਤੇ ਬੋਝ ਬਣ ਜਾਂਦੇ ਹਨ। ਅਜਿਹੇ ਲੋਕਾਂ ਨੂੰ ਫੜ ਕੇ ਡਿਪੋਰਟ ਕਰਨ ਦਾ ਔਸਤ ਖਰਚਾ 18 ਹਜ਼ਾਰ ਡਾਲਰ ਤੋਂ ਵੱਧ ਬਣਦਾ ਹੈ ਜਿਸ ਦੇ ਮੱਦੇਨਜ਼ਰ 15 ਹਜ਼ਾਰ ਡਾਲਰ ਦਾ ਬੌਂਡ ਭਰਵਾਇਆ ਜਾ ਰਿਹਾ ਹੈ।

ਵਿਦੇਸ਼ ਵਿਭਾਗ ਨੇ ਦੱਸਿਆ ਕਿ ਬੌਂਡ ਭਰਨ ਤੋਂ ਬਾਅਦ ਵਿਜ਼ਟਰ ਵੀਜ਼ਾ ਜਾਂ ਬਿਜ਼ਨਸ ਵੀਜ਼ਾ 'ਤੇ ਅਮਰੀਕਾ ਪੁੱਜੇ 97 ਫ਼ੀ ਸਦੀ ਨਾਗਰਿਕ ਤੈਅ ਸਮੇਂ ਦੇ ਅੰਦਰ ਵਾਪਸ ਚਲੇ ਗਏ ਪਰ ਇਸ ਦੇ ਉਲਟ ਇਨ੍ਹਾਂ ਮੁਲਕਾਂ ਦੇ ਹੀ 45 ਹਜ਼ਾਰ ਨਾਗਰਿਕਾਂ ਨੇ ਬਾਇਡਨ ਸਰਕਾਰ ਵੇਲੇ ਵੀਜ਼ਾ ਮਿਆਦ ਲੰਘਣ ਤੋਂ ਬਾਅਦ ਵੀ ਆਪਣੇ ਮੁਲਕ ਵਾਪਸੀ ਨਾ ਕੀਤੀ। ਇਥੇ ਦਸਣਾ ਬਣਦਾ ਹੈ ਕਿ ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਅਮਰੀਕਾ ਸਰਕਾਰ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ 'ਤੇ 800 ਮਿਲੀਅਨ ਡਾਲਰ ਸਾਲਾਨਾ ਖਰਚ ਕਰ ਰਹੀ ਸੀ ਜਦਕਿ ਹੁਣ ਬਜਟ ਵਧਾ ਦਿਤਾ ਗਿਆ ਹੈ। ਦੂਜੇ ਪਾਸੇ ਵੀਜ਼ਾ ਇੰਟੈਗਰਿਟੀ ਫ਼ੀਸ ਦੀ ਗੱਲ ਕੀਤੀ ਜਾਵੇ ਵੰਨ ਬਿਗ ਬਿਊਟੀਫੁਲ ਐਕਟ ਅਧੀਨ ਵਿਜ਼ਟਰ ਵੀਜ਼ਾ ਅਤੇ ਬਿਜ਼ਨਸ ਵੀਜ਼ਾ ਵਾਲਿਆਂ ਤੋਂ ਇਲਾਵਾ ਸਟੱਡੀ ਵੀਜ਼ਾ ਅਤੇ ਐਚ-1ਬੀ ਵੀਜ਼ਾ ਵਾਲਿਆਂ ਨੂੰ ਵੀ ਇਹ ਫ਼ੀਸ ਅਦਾ ਕਰਨੀ ਹੋਵੇਗੀ। ਅਮਰੀਕਾ ਦੇ ਵਿਜ਼ਟਰ ਵੀਜ਼ਾ ਲਈ ਹੁਣ ਤੱਕ ਚਾਰ ਜੀਆਂ ਵਾਲੇ ਇਕ ਪਰਵਾਰ ਨੂੰ 740 ਡਾਲਰ ਫ਼ੀਸ ਦੇਣੀ ਪੈ ਰਹੀ ਹੈ ਪਰ ਨਵੀਂ ਫ਼ੀਸ ਸ਼ਾਮਲ ਹੋਣ ਮਗਰੋਂ ਖ਼ਰਚਾ ਵਧ ਕੇ 1,740 ਡਾਲਰ ਹੋ ਜਾਵੇਗਾ। ਇਥੋਂ ਤੱਕ ਕਿ ਐਚ-4 ਵੀਜ਼ਾ ਸ਼੍ਰੇਣੀ ਵਿਚ ਇੰਟੈਗਰਿਟੀ ਫ਼ੀਸ ਇਕ ਹਜ਼ਾਰ ਡਾਲਰ ਰੱਖੀ ਗਈ ਹੈ। ਐਚ-4 ਵੀਜ਼ਾ ਜ਼ਿਆਦਾਤਰ ਉਨ੍ਹਾਂ ਔਰਤਾਂ ਵੱਲੋਂ ਮੰਗਿਆ ਜਾਂਦਾ ਹੈ ਜੋ ਐਚ-1ਬੀ ਵੀਜ਼ਾ 'ਤੇ ਕੰਮ ਕਰ ਰਹੇ ਆਪਣੇ ਪਤੀ ਨਾਲ ਅਮਰੀਕਾ ਪੁੱਜੀਆਂ। ਕੈਨੇਡੀਅਨ ਅਤੇ ਬਰਮੂਡਾ ਦੇ ਨਾਗਰਿਕਾਂ ਨੂੰ ਇਸ ਫ਼ੀਸ ਤੋਂ ਛੋਟ ਦਿਤੀ ਗਈ ਹੈ। ਬਗੈਰ ਇੰਟੈਗਰਿਟੀ ਫ਼ੀਸ ਤੋਂ ਵੀ ਇਸ ਵੇਲੇ ਅਮਰੀਕਾ ਦਾ ਵੀਜ਼ਾ ਸਭ ਤੋਂ ਮਹਿੰਗਾ ਪੈਂਦਾ ਅਤੇ ਬਿਨੈਕਾਰ ਨੂੰ 185 ਡਾਲਰ ਅਦਾ ਕਰਨੇ ਪੈਂਦੇ ਹਨ ਜਦਕਿ ਕੈਨੇਡੀਅਨ ਵੀਜ਼ਾ ਵਾਸਤੇ ਸਿਰਫ਼ 125 ਡਾਲਰ ਫ਼ੀਸ ਲਗਦੀ ਹੈ। ਯੂ.ਕੇ. ਦੀ ਵੀਜ਼ਾ ਫੀਸ 163 ਡਾਲਰ ਅਤੇ ਆਸਟ੍ਰੇਲੀਆ ਦੇ 125 ਡਾਲਰ ਅਦਾ ਕਰਨੀ ਪੈਂਦੀ

# ਰੂਸੀ ਹਮਲੇ ਮਗਰੋਂ ਮੋਲਦੋਵਾ 'ਚ ਜਲ ਸੰਕਟ

## ਨਿਸਤਰ ਦਰਿਆ ਦਾ ਪਾਣੀ ਪ੍ਰਦੂਸ਼ਿਤ ਹੋਣ ਕਾਰਨ ਸਪਲਾਈ 'ਚ ਅੜਿੱਕਾ ਪਿਆ

ਬਾਲਟੀ, 19 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਯੂਕਰੇਨ 'ਚ ਪਣ ਬਿਜਲੀ ਪਲਾਂਟ 'ਤੇ ਰੂਸ ਦੇ ਹਮਲੇ ਮਗਰੋਂ ਨਿਸਤਰ ਦਰਿਆ, ਤੇਲ ਕਾਰਨ ਪ੍ਰਦੂਸ਼ਿਤ ਹੋ ਜਾਣ ਦੀ ਵਜ੍ਹਾ ਨਾਲ ਗੁਆਂਢੀ ਮੁਲਕ ਮੋਲਦੋਵਾ 'ਚ ਪਾਣੀ ਦੀ ਸਪਲਾਈ 'ਚ ਅੜਿੱਕਾ ਪਿਆ ਹੈ ਅਤੇ ਹਜ਼ਾਰਾਂ ਲੋਕ ਪੀਣ ਵਾਲੇ ਪਾਣੀ ਦੀ ਕਿੱਲਤ ਦਾ ਸਾਹਮਣਾ ਕਰ ਰਹੇ ਹਨ। ਇਹ ਦਰਿਆ ਯੂਕਰੇਨ ਤੇ ਮੋਲਦੋਵਾ ਦੋਵਾਂ ਮੁਲਕਾਂ ਵਿੱਚੋਂ ਵਗਦਾ ਹੈ।



ਮੋਲਦੋਵਾ ਦੀ ਰਾਸ਼ਟਰਪਤੀ ਮਾਇਆ ਸੈਂਡੂ ਨੇ ਸੱਤ ਮਾਰਚ ਨੂੰ ਯੂਕਰੇਨ ਦੇ ਨੋਵੋਦਿਨਸਤ੍ਰੋਵਸਕ ਪਣ ਬਿਜਲੀ ਪਲਾਂਟ 'ਤੇ ਹੋਏ ਹਮਲੇ ਤੋਂ ਬਾਅਦ ਨਿਸਤਰ ਦਰਿਆ 'ਚ ਹੋਏ ਪ੍ਰਦੂਸ਼ਣ ਲਈ ਰੂਸ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਉਹ ਮੋਲਦੋਵਾ 'ਚ ਜਲ ਸਪਲਾਈ ਲਈ ਖ਼ਤਰਾ ਪੈਦਾ ਕਰ ਰਿਹਾ ਹੈ। ਇਹ ਪਲਾਂਟ ਮੋਲਦੋਵਾ ਦੀ ਯੂਕਰੇਨ ਨਾਲ ਲੱਗਦੀ ਉੱਤਰੀ ਸਰਹੱਦ ਤੋਂ ਤਕਰੀਬਨ 15 ਕਿਲੋਮੀਟਰ ਉੱਪਰ ਵੱਲ ਵਗਦਾ ਹੈ ਅਤੇ ਮੋਲਦੋਵਾ ਦੀ ਤਕਰੀਬਨ 25 ਲੱਖ ਆਬਾਦੀ ਦੇ ਕਰੀਬ 80 ਫ਼ੀਸਦ ਲੋਕਾਂ ਨੂੰ ਪਾਣੀ ਮੁਹੱਈਆ ਕਰਦਾ ਹੈ। ਰੂਸ ਨੇ 2022 'ਚ ਯੂਕਰੇਨ 'ਤੇ ਹਮਲਾ ਕਰਨ ਤੋਂ ਬਾਅਦ ਡੈਮਾਂ ਤੇ ਬੰਦਰਗਾਹਾਂ ਜਿਹੇ ਯੂਕਰੇਨ ਦੇ ਗ਼ੈਰ-ਫ਼ੌਜੀ ਬੁਨਿਆਦੀ ਢਾਂਚੇ ਨੂੰ ਵਾਰ-ਵਾਰ ਨਿਸ਼ਾਨਾ ਬਣਾਇਆ ਹੈ।

ਸੈਂਡੂ ਨੇ ਐਕਸ 'ਤੇ ਪਾਈ ਪੋਸਟ 'ਚ ਕਿਹਾ, ''ਇਸ ਦੀ ਪੂਰੀ ਜ਼ਿੰਮੇਵਾਰੀ ਰੂਸ ਦੀ ਹੈ।'' ਇਸੇ ਦੌਰਾਨ ਯੂਕਰੇਨ ਦੇ ਕਾਲਾ ਸਾਗਰ ਦੇ ਸਾਹਿਲੀ ਸ਼ਹਿਰ ਓਡੇਸਾ ਵਿੱਚ ਰੂਸੀ ਡਰੋਨਾਂ ਨੇ ਕਈ ਰਿਹਾਇਸ਼ੀ ਇਮਾਰਤਾਂ 'ਤੇ ਹਮਲਾ ਕੀਤਾ, ਜਿਸ ਕਾਰਨ ਅੱਗ ਲੱਗ ਗਈ ਅਤੇ ਘੱਟੋ-ਘੱਟ ਤਿੰਨ ਜਣੇ ਜ਼ਖਮੀ ਹੋ ਗਏ। ਉੱਧਰ ਰੂਸੀ ਰੱਖਿਆ ਮੰਤਰਾਲੇ ਦੇ ਹਵਾਲੇ ਨਾਲ ਆਰ ਆਈ ਏ ਸਰਕਾਰੀ ਖ਼ਬਰ ਏਜੰਸੀ ਨੇ ਵੀਰਵਾਰ ਨੂੰ ਰਿਪੋਰਟ ਦਿੱਤੀ ਹੈ ਕਿ ਰੂਸੀ ਫ਼ੌਜਾਂ ਨੇ ਯੂਕਰੇਨ ਦੇ ਪੂਰਬੀ ਦੋਨੇਤਸਕ ਖੇਤਰ ਵਿੱਚ ਫੈਦੋਰੀਵਕਾ ਦਰੂਹਾ ਅਤੇ ਪਾਵਲਿਵਕਾ ਪਿੰਡਾਂ 'ਤੇ ਕਬਜ਼ਾ ਕਰ ਲਿਆ ਹੈ।

# ਐਪਸਟੀਨ ਫਾਈਲਾਂ ਉੱਤੇ ਮੀਟਿੰਗ ਦਾ ਡੈਮੋਕਰੈਟਾਂ ਨੇ ਬਾਈਕਾਟ ਕੀਤਾ

## ਬੌਂਡੀ ਨੂੰ ਸੰਮਨ ਤਹਿਤ ਪੇਸ਼ ਹੋਣ ਲਈ ਦਬਾਅ ਪਾਉਣਗੇ

ਵਾਸ਼ਿੰਗਟਨ, 19 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਅੱਜ ਜੈਫਰੀ ਐਪਸਟੀਨ ਦੀਆਂ ਫਾਈਲਾਂ ਬਾਰੇ ਨਿਆਂ ਵਿਭਾਗ ਦੇ ਅਧਿਕਾਰੀਆਂ ਨਾਲ ਹੋ ਰਹੀ ਗੁਪਤ ਮੀਟਿੰਗ ਵਿੱਚੋਂ ਵਾਕ-ਆਊਟ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਅਟਾਰਨੀ ਜਨਰਲ ਪੈਮ ਬੌਂਡੀ ਨੂੰ ਇਸ ਮਾਮਲੇ 'ਤੇ ਹਲਫ਼ ਨਾਲ ਸਵਾਲਾਂ ਦੇ ਜਵਾਬ ਦੇਣ ਲਈ ਮਜਬੂਰ ਕਰਨਗੇ, ਕਿਉਂਕਿ ਇਸ ਕੇਸ ਨੇ ਟਰੰਪ ਪ੍ਰਸ਼ਾਸਨ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ।



ਬੌਂਡੀ ਅਤੇ ਡਿਪਟੀ ਅਟਾਰਨੀ ਜਨਰਲ ਟੌਡ ਬਲਾਂਚੇ, ਐਪਸਟੀਨ ਦੇ ਸੈਕਸ ਟਰੈਫਿਕਿੰਗ ਜਾਂਚ ਨਾਲ ਜੁੜੀਆਂ ਲੱਖਾਂ ਫਾਈਲਾਂ ਦੇ ਨਿਬੇੜੇ ਨੂੰ ਲੈ ਕੇ ਦੋਵਾਂ ਪਾਰਟੀਆਂ ਡੈਮੋਕਰੈਟਾਂ ਅਤੇ ਰਿਪਬਲਿਕਨਾਂ ਵਿੱਚ ਫੈਲੀ ਨਾਰਾਜ਼ਗੀ ਨੂੰ ਸ਼ਾਂਤ ਕਰਨ ਲਈ ਕੈਪੀਟਲ ਹਿੱਲ ਪੁੱਜੇ ਸਨ। ਬ੍ਰੀਫਿੰਗ ਸ਼ੁਰੂ ਹੋਣ ਤੋਂ ਇੱਕ ਘੰਟੇ ਦੇ ਅੰਦਰ ਹੀ ਡੈਮੋਕਰੈਟ ਵਿਰੋਧ ਜਤਾਉਂਦੇ ਹੋਏ ਬਾਹਰ ਆ ਗਏ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਅਗਲੇ ਮਹੀਨੇ ਬੌਂਡੀ ਨੂੰ ਸੰਮਨ ਤਹਿਤ ਪੇਸ਼ ਹੋਣ ਲਈ ਦਬਾਅ ਪਾਉਣਗੇ। ਡੈਮੋਕਰੈਟਿਕ ਪ੍ਰਤੀਨਿਧੀ ਮੈਕਸਵੈੱਲ ਫਰੌਸਟ ਨੇ ਕਿਹਾ, ''ਅਸੀਂ ਉਨ੍ਹਾਂ ਨੂੰ ਹਲਫ਼ੀਆ ਬਿਆਨ ਦੇਣ ਲਈ ਕਹਿਣਾ ਚਾਹੁੰਦੇ ਹਾਂ ਕਿਉਂਕਿ ਸਾਨੂੰ ਉਨ੍ਹਾਂ 'ਤੇ ਭਰੋਸਾ ਨਹੀਂ ਹੈ।'' Liquor Policy Case: ਕੋਰਟ ਨੇ ਕੇਜਰੀਵਾਲ, ਸਿਸੋਦੀਆ ਨੂੰ ਜਵਾਬ ਦੇਣ ਲ ਕਮੇਟੀ ਦੇ ਰਿਪਬਲਿਕਨ ਮੈਂਬਰਾਂ ਨੇ ਇਸ ਕਦਮ ਨੂੰ ਸਿਆਸੀ ਡਰਾਮੇਬਾਜ਼ੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਬੌਂਡੀ ਅਤੇ ਬਲਾਂਚੇ ਨੇ ਅਹਿਮ ਸਵਾਲਾਂ ਦੇ ਜਵਾਬ ਦਿੱਤੇ ਹਨ ਅਤੇ ਅਟਾਰਨੀ ਜਨਰਲ ਨੇ ਕਾਨੂੰਨ ਦੀ ਪਾਲਣਾ ਕਰਨ ਦੀ ਗੱਲ ਕਹੀ ਹੈ। ਨਿਆਂ ਵਿਭਾਗ ਨੂੰ ਉਮੀਦ ਸੀ ਕਿ ਐਪਸਟੀਨ ਨਾਲ ਜੁੜੇ ਦਸਤਾਵੇਜ਼ ਜਨਤਕ ਕਰਨ ਨਾਲ ਇਹ ਸਿਆਸੀ ਵਿਵਾਦ ਖ਼ਤਮ ਹੋ ਜਾਵੇਗਾ, ਪਰ ਰਾਸ਼ਟਰਪਤੀ ਦੇ ਦੂਜੇ ਕਾਰਜਕਾਲ ਦੌਰਾਨ ਵੀ ਇਹ ਮਾਮਲਾ ਲਗਾਤਾਰ ਸਵਾਲਾਂ ਦੇ ਘੇਰੇ ਵਿੱਚ ਹੈ।

# ਟਰੰਪ ਵੱਲੋਂ ਦੁਨੀਆਂ ਦਾ ਸਭ ਤੋਂ ਵੱਡਾ ਗੈਸ ਭੰਡਾਰ ਉਡਾਉਣ ਦੀ ਧਮਕੀ

## ਕਤਰ ਅਤੇ ਸਾਊਦੀ ਅਰਬ ਉਤੇ ਹਮਲਿਆਂ ਮਗਰੋਂ ਹਾਲਾਤ ਨਾਜ਼ੁਕ

ਤਹਿਰਾਨ, 19 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਕਤਰ ਅਤੇ ਸਾਊਦੀ ਅਰਬ ਦੇ ਤੇਲ ਟਿਕਾਣਿਆਂ ਉਤੇ ਹੋਏ ਤਬਾਹਕੁੰਨ ਹਮਲਿਆਂ ਨੇ ਡੌਨਲਡ ਟਰੰਪ ਨੂੰ ਝੰਜੋੜ ਕੇ ਰੱਖ ਦਿਤਾ ਅਤੇ ਅਮਰੀਕਾ ਦੇ ਰਾਸ਼ਟਰਪਤੀ ਨੂੰ ਚਿਤਾਵਨੀ ਦੇਣੀ ਪਈ ਕਿ ਜੇ ਈਰਾਨ ਦੇ ਹਮਲੇ ਇਸੇ ਤਰ੍ਹਾਂ ਜਾਰੀ ਰਹੇ ਤਾਂ ਦੁਨੀਆਂ ਦਾ ਸਭ ਤੋਂ ਵੱਡਾ ਗੈਸ ਭੰਡਾਰ ਤਬਾਹ ਕਰ ਦੇਣਗੇ। ਦੂਜੇ ਪਾਸੇ ਓਮਾਨ ਨੇ ਵੱਡਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਡੌਨਲਡ ਟਰੰਪ ਤੋਂ ਆਪਣੀ ਵਿਦੇਸ਼ ਨੀਤੀ ਸੰਭਾਲ ਨਹੀਂ ਜਾ ਰਹੀ ਕਿਉਂਕਿ ਅਮਰੀਕਾ ਅਤੇ ਈਰਾਨ ਵਿਚਾਲੇ ਸਮਝੌਤਾ ਹੋਣ ਹੀ ਵਾਲਾ ਸੀ ਕਿ ਇਜ਼ਰਾਈਲ ਨੇ ਗੈਸ ਫ਼ੀਲਡ ਉਤੇ ਹਮਲਾ ਕਰ ਦਿਤਾ ਅਤੇ ਹਾਲਾਤ ਵਿਗੜ ਗਏ। ਓਮਾਨ ਦੇ ਵਿਦੇਸ਼ ਮੰਤਰੀ ਬਦਰ ਅਲਬੁਸੈਦੀ ਨੇ ਇਥੋਂ ਤੱਕ ਆਖ ਦਿਤਾ ਕਿ ਜੰਗ ਵਿਚ ਸ਼ਾਮਲ ਹੋ ਕੇ ਅਮਰੀਕਾ ਨੇ ਸਭ ਤੋਂ ਵੱਡੀ ਗਲਤੀ ਕੀਤੀ। ਇਹ ਅਮਰੀਕਾ ਦੀ ਜੰਗ ਨਹੀਂ ਅਤੇ ਜੇਤੂ ਰਹਿਣ ਦੀ ਸੂਰਤ ਵਿਚ ਵੀ ਕੋਈ ਫ਼ਾਇਦਾ ਨਹੀਂ ਹੋਵੇਗਾ। ਉਧਰ, ਜੰਗ ਦੇ 20ਵੇਂ ਦਿਨ ਸਾਊਦੀ ਅਰਬ ਨੇ ਈਰਾਨ ਨੂੰ ਸੁਚੇਤ ਕੀਤਾ ਕਿ ਉਨ੍ਹਾਂ ਕੋਲ ਹਮਲਿਆਂ ਦਾ ਮੂੰਹ-ਤੋੜ ਜਵਾਬ ਦੇਣ ਦੀ ਪੂਰੀ ਤਾਕਤ ਮੌਜੂਦ ਹੈ ਅਤੇ ਸਾਡੇ ਸਬਰ ਦਾ ਇਮਤਿਹਾਨ ਨਾ ਲਿਆ ਜਾਵੇ। ਇਸੇ ਦੌਰਾਨ



ਡੌਨਲਡ ਟਰੰਪ ਵੱਲੋਂ ਹਜ਼ਾਰਾਂ ਫੌਜੀ ਮੱਧ ਪੂਰਬ ਵਿਚ ਭੇਜੇ ਜਾਣ ਦੀ ਯੋਜਨਾ ਸਾਹਮਣੇ ਆਉਣ ਮਗਰੋਂ ਪੈਂਟਾਗਨ ਨੇ ਜੰਗ ਵਾਸਤੇ 200 ਅਰਬ ਡਾਲਰ ਦੀ ਮੰਗ ਕੀਤੀ ਹੈ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਪੈਂਟਾਗਨ ਵੱਲੋਂ ਵਾਈਟ ਹਾਊਸ ਨੂੰ ਜਲਦ ਤੋਂ ਜਲਦ ਰਕਮ ਦਾ ਪ੍ਰਬੰਧ ਕਰਨ ਦੀ ਗੁਜ਼ਾਰਿਸ਼ ਕੀਤੀ ਗਈ ਹੈ ਪਰ ਐਨੀ ਵੱਡੀ ਰਕਮ ਕਾਂਗਰਸ ਦੀ ਪ੍ਰਵਾਨਗੀ ਤੋਂ ਬਗੈਰ ਸੰਭਵ ਨਹੀਂ। ਉਧਰ, ਕਤਰ ਉਤੇ ਹੋਏ ਹਮਲਿਆਂ ਦਾ 12 ਇਸਲਾਮਿਕ ਮੁਲਕਾਂ ਨੇ ਬੁਰਾ ਮਨਾਇਆ ਅਤੇ ਈਰਾਨ ਨੂੰ ਹਮਲੇ ਰੋਕਣ ਦਾ ਸੱਦਾ ਦਿਤਾ ਹੈ। ਇਸੇ ਦੌਰਾਨ ਕੁਵੈਤ ਦੇ ਸਰਕਾਰੀ ਮੀਡੀਆ ਨੇ ਦੱਸਿਆ ਕਿ ਦੇਸ਼ ਦੀਆਂ ਦੋ ਤੇਲ ਰਿਫ਼ਾਇਨਰੀਆਂ ਨੂੰ ਨਿਸ਼ਾਨਾ ਬਣਾਇਆ ਫਗਿਆ। ਦੱਸ ਦੇਈਏ ਕਿ ਤਾਜ਼ਾ ਗਹਿਗੱਚ ਲੜਾਈ ਈਰਾਨ ਦੇ ਗੈਸ ਫ਼ੀਲਡ ਉਤੇ ਇਜ਼ਰਾਇਲੀ ਹਮਲੇ ਮਗਰੋਂ ਸ਼ੁਰੂ ਹੋਈ ਜਦਕਿ ਡੌਨਲਡ ਟਰੰਪ ਨੇ ਹੈਰਾਨਕੁੰਨ ਟਿੱਪਣੀ ਕਰਦਿਆਂ ਕਿਹਾ ਕਿ ਇਜ਼ਰਾਈਲ ਵੱਲੋਂ ਈਰਾਨ ਦੇ ਗੈਸ ਭੰਡਾਰ ਉਤੇ ਹਮਲੇ ਦੀ ਯੋਜਨਾ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਗੈਸ ਫੀਲਡ ਉਤੇ ਹਮਲਿਆਂ ਦਾ ਜ਼ਿੰਮੇਵਾਰ ਕੋਈ ਵੀ ਹੋਵੇ ਪਰ ਕੌਮਾਂਤਰੀ ਬਾਜ਼ਾਰ ਵਿਚ ਨੈਚੁਰਲ ਗੈਸ ਦੀਆਂ ਕੀਮਤਾਂ ਕੁਝ ਹੀ ਘੰਟਿਆਂ ਵਿਚ 35 ਫ਼ੀ ਸਦੀ ਵਧ ਗਈਆਂ। 28 ਫ਼ਰਵਰੀ ਨੂੰ ਸ਼ੁਰੂ ਹੋਈ ਜੰਗ ਮਗਰੋਂ ਕੀਮਤਾਂ ਵਿਚ 60 ਫ਼ੀ ਸਦੀ ਵਾਧਾ ਹੋ ਚੁੱਕਾ ਹੈ ਜਦਕਿ ਕੱਚਾ ਤੇਲ 112 ਡਾਲਰ ਪ੍ਰਤੀ ਬੈਰਲ ਦੇ ਭਾਅ 'ਤੇ ਪੁੱਜ ਗਿਆ। ਦੂਜੇ ਪਾਸੇ ਰੱਖਿਆ ਮਾਹਰਾਂ ਦਾ ਕਹਿਣਾ ਹੈ ਕਿ ਜੰਗ ਦੌਰਾਨ ਬੇਹੱਦ ਕਮਜ਼ੋਰ ਹੋਣ ਦੇ ਬਾਵਜੂਦ ਈਰਾਨ ਹਥਿਆਰ ਸੁੱਟਣ ਨੂੰ ਤਿਆਰ ਨਹੀਂ ਕਿਉਂਕਿ ਉਹ ਜਿੱਤਣ ਵਾਸਤੇ ਨਹੀਂ ਸਗੋਂ ਆਪਣੀ ਹੋਂਦ ਬਚਾਉਣ ਵਾਸਤੇ ਲੜ ਰਿਹਾ ਹੈ।

# ਭਾਰਤ-ਕੈਨੇਡਾ ਵਪਾਰਕ ਸਮਝੌਤਾ ਜਲਦ ਨੇਪਰੇ ਚੜ੍ਹਨ ਦੀ ਉਮੀਦ : ਪ੍ਰੀਮੀਅਰ ਡੇਵਿਡ ਈਬੀ

ਵਿੰਨੀਪੈਗ, 19 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਪਿਛਲੇ ਦਿਨੀਂ ਕੈਨੇਡਾ ਵਿੱਚ ਭਾਰਤੀ ਕੌਂਸਲੇਟ ਜਨਰਲ ਵੈਨਕੂਵਰ ਵੱਲੋਂ ਭਾਰਤੀ ਭਾਈਚਾਰੇ ਦੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਯੋਗਦਾਨ ਨੂੰ ਸਮਰਪਿਤ ਦੂਸਰਾ ਪਰਵਾਸੀ ਭਾਰਤੀ ਭਾਈਚਾਰਾ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੌਰਾਨ ਸ਼ਿਰਕਤ ਕਰਨ ਪਹੁੰਚੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਏਬੀ ਨੇ ਭਾਰਤ-ਕੈਨੇਡਾ ਵਪਾਰ ਸਮਝੌਤੇ ਦੇ ਜਲਦ ਨੇਪਰੇ ਚੜ੍ਹਨ ਦੀ ਉਮੀਦ ਪ੍ਰਗਟਾਈ ਹੈ।

ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਭਾਰਤ ਦੀ ਵਧ ਰਹੀ ਊਰਜਾ ਦੀ ਲੋੜ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਕੈਨੇਡਾ ਵਿਚਾਲੇ ਵਿਆਪਕ ਵਪਾਰ ਸਮਝੌਤਾ ਜਲਦ ਸਿਰੇ ਚੜ੍ਹਨ ਉਮੀਦ ਹੈ। ਉਨ੍ਹਾਂ ਪਿਛਲੇ ਦਿਨਾਂ ਵਿੱਚ ਇਕ ਉੱਚ ਪੱਧਰੀ ਵਫ਼ਦ ਨਾਲ ਭਾਰਤ ਦੇ ਕੀਤੇ ਦੌਰੇ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕੈਨੇਡੀਅਨ ਅਰਥਚਾਰੇ ਨੂੰ ਮਜ਼ਬੂਤੀ ਅਤੇ ਆਲਮੀ ਵਪਾਰ ਵਿਚ ਵਾਧੇ ਲਈ ਭਾਰਤ ਵਰਗੇ ਸਹਿਯੋਗੀ ਦੀ ਲੋੜ ਹੈ। ਉਨ੍ਹਾਂ ਨੇ ਭਾਰਤ ਦੌਰੇ ਦੌਰਾਨ ਮਿਲੇ ਪਿਆਰ ਅਤੇ ਸਤਿਕਾਰ ਦਾ ਵੀ ਖ਼ਾਸ ਜ਼ਿਕਰ ਕੀਤਾ। ਉੱਥੇ ਹੀ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਸੱਭਿਆਚਾਰਕ ਵਿਭਿੰਨਤਾ, ਲੋਕਤੰਤਰ ਅਤੇ ਵਿਸ਼ਵ ਸ਼ਾਂਤੀ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਨੂੰ ਸਾਂਝਾ ਕਰਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤੀ ਪਰਵਾਸੀ ਵਪਾਰ, ਨਵੀਨਤਾ, ਸੱਭਿਆਚਾਰ ਅਤੇ ਲੋਕਾਂ ਤੋਂ ਲੋਕਾਂ ਦੇ ਅਦਾਨ-ਪ੍ਰਦਾਨ ਰਾਹੀਂ ਦੋਵਾਂ ਦੇਸ਼ਾਂ ਨੂੰ ਜੋੜਨ ਵਾਲੇ ਇੱਕ ਪੁਲ ਵਜੋਂ ਕੰਮ ਕਰ ਰਹੇ ਹਨ। ਸਮਾਗਮ ਦੌਰਾਨ ਇੱਕ ਪੈਨਲ ਚਰਚਾ ਵੀ ਕਰਵਾਈ ਗਈ, ਜਿਸ ਵਿੱਚ ਭਾਰਤੀ ਡਾਇਸਪੋਰਾ ਵੱਲੋਂ ਕੈਨੇਡਾ ਅਤੇ ਭਾਰਤ ਵਿਚਾਲੇ ਸੰਬੰਧ ਮਜ਼ਬੂਤ ਕਰਨ ਵਿੱਚ ਨਿਭਾਈ ਜਾ ਰਹੀ ਭੂਮਿਕਾ 'ਤੇ ਚਰਚਾ ਹੋਈ। ਸਾਊਥ ਬੈਂਕੁਇਟ ਹਾਲ ਵਿੱਚ ਮਨਾਏ ਗਏ ਇਸ ਸਮਾਗਮ 'ਚ 600 ਤੋਂ ਵੱਧ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਰਾਜਨੀਤਕ ਅਤੇ ਕਾਰੋਬਾਰੀ ਆਗੂ, ਪੇਸ਼ੇਵਰ, ਵਿਦਿਆਰਥੀਆਂ ਅਤੇ ਕਮਿਊਨਿਟੀ ਸੰਗਠਨਾਂ ਦੇ ਨੁਮਾਇੰਦੇ ਹਾਜ਼ਰ ਰਹੇ।

# ਇਰਾਨ ਵੱਲੋਂ ਇਜ਼ਰਾਈਲ ਦੇ ਬਿਜਲੀ ਗਰਿੱਡ ਅਤੇ ਤੇਲ ਰਿਫਾਇਨਰੀ 'ਤੇ ਹਮਲਾ

ਕਤਰ, 19 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਇਜ਼ਰਾਈਲ ਦੇ ਊਰਜਾ ਮੰਤਰੀ ਐਲੀ ਕੋਹੇਨ ਨੇ ਦੱਸਿਆ ਕਿ ਇਰਾਨ ਵੱਲੋਂ ਕੀਤੇ ਗਏ ਮਿਜ਼ਾਈਲ ਹਮਲੇ ਕਾਰਨ ਉੱਤਰੀ ਇਜ਼ਰਾਈਲ ਦੇ ਬਿਜਲੀ ਗਰਿੱਡ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ। ਇਸ ਹਮਲੇ ਤੋਂ ਬਾਅਦ ਕਈ ਇਲਾਕਿਆਂ ਦੀ ਬਿਜਲੀ ਗੁੱਲ ਹੋ ਗਈ ਹੈ। ਮੰਤਰੀ ਨੇ ਦੱਸਿਆ ਕਿ ਤਕਨੀਕੀ ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ ਅਤੇ ਕੁਝ ਹਿੱਸਿਆਂ ਵਿੱਚ ਬਿਜਲੀ ਬਹਾਲ ਕਰ ਦਿੱਤੀ ਗਈ ਹੈ ਜਦੋਂ ਕਿ ਬਾਕੀ ਇਲਾਕਿਆਂ ਵਿੱਚ ਕੰਮ ਜਾਰੀ ਹੈ।

ਇਜ਼ਰਾਈਲ ਅਤੇ ਇਰਾਨ ਵਿਚਾਲੇ ਚੱਲ ਰਹੀ ਭਿਆਨਕ ਜੰਗ ਨੇ ਹੁਣ ਪੂਰੀ ਦੁਨੀਆ ਦੇ ਊਰਜਾ ਬਾਜ਼ਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਜ਼ਰਾਈਲ ਵੱਲੋਂ ਇਰਾਨ ਦੇ ਖੁਫੀਆ ਮੰਤਰੀ ਦੀ ਹੱਤਿਆ ਅਤੇ ਦੁਨੀਆ ਦੇ ਸਭ ਤੋਂ ਵੱਡੇ 'ਸਾਊਥ ਪਾਰਸ' ਕੁਦਰਤੀ ਗੈਸ ਫੀਲਡ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਇਰਾਨ ਨੇ ਵੱਡੀ ਜਵਾਬੀ ਕਾਰਵਾਈ ਕੀਤੀ ਹੈ। ਇਰਾਨੀ ਮਿਜ਼ਾਈਲਾਂ ਨੇ ਕਤਰ ਦੇ 'ਰਾਸ ਲਫਾਨ' ਐਲ.ਐਨ.ਜੀ. ਪਲਾਂਟ ਅਤੇ ਸੰਯੁਕਤ ਅਰਬ ਅਮੀਰਾਤ (UAE) ਦੇ 'ਹਬਸ਼ਾਨ' ਗੈਸ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ, ਜਿਸ ਕਾਰਨ ਉੱਥੇ ਭਿਆਨਕ ਅੱਗ ਲੱਗ ਗਈ ਅਤੇ ਉਤਪਾਦਨ ਪੂਰੀ ਤਰ੍ਹਾਂ ਠੱਪ ਹੋ ਗਿਆ। ਇਸ ਤਣਾਅ ਕਾਰਨ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀ ਕੀਮਤ 5 ਫੀਸਦ ਤੋਂ ਵਧ ਕੇ 108 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ ਹੈ। ਇਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਹਮਲੇ ਨਾ ਰੁਕੇ ਤਾਂ ਇਸ ਦੇ ਨਤੀਜੇ ਪੂਰੀ ਦੁਨੀਆ ਨੂੰ ਭੁਗਤਣੇ ਪੈਣਗੇ। ਦੂਜੇ ਪਾਸੇ, ਜੰਗ ਦੇ ਮੈਦਾਨ ਵਿੱਚ ਇਜ਼ਰਾਈਲ ਨੇ ਇਰਾਨੀ ਲੀਡਰਸ਼ਿਪ 'ਤੇ ਹਮਲੇ ਤੇਜ਼ ਕਰ ਦਿੱਤੇ ਹਨ, ਜਿਸ ਵਿੱਚ ਕਈ ਚੋਟੀ ਦੇ ਇਰਾਨੀ ਅਧਿਕਾਰੀ ਮਾਰੇ ਗਏ ਹਨ। ਜਵਾਬ ਵਿੱਚ ਇਰਾਨ ਨੇ ਇਜ਼ਰਾਈਲ 'ਤੇ ਮਲਟੀਪਲ-ਵਾਰਹੈੱਡ ਮਿਜ਼ਾਈਲਾਂ ਦਾਗੇ ਹਨ, ਜਿਨ੍ਹਾਂ ਵਿੱਚੋਂ ਇੱਕ ਕਲਸਟਰ ਮਿਜ਼ਾਈਲ ਪਹਿਲੀ ਵਾਰ ਪੱਛਮੀ ਕੰਢੇ (West Bank) ਵਿੱਚ ਜਾ ਡਿੱਗੀ, ਜਿੱਥੇ ਤਿੰਨ ਲੋਕਾਂ ਦੀ ਮੌਤ ਹੋ ਗਈ।



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਥਿਤੀ 'ਤੇ ਚਿੰਤਾ ਜ਼ਾਹਰ ਕੀਤੀ ਹੈ ਅਤੇ ਤੇਲ ਦੀ ਸਪਲਾਈ ਬਰਕਰਾਰ ਰੱਖਣ ਲਈ ਵੈਨੇਜ਼ੁਏਲਾ 'ਤੇ ਲੱਗੀਆਂ ਪਾਬੰਦੀਆਂ ਵਿੱਚ ਢਿੱਲ ਦਿੱਤੀ ਹੈ। ਇਸ ਦੌਰਾਨ, ਲਿਬਨਾਨ ਵਿੱਚ ਹਿਜ਼ਬੁੱਲ੍ਹਾ ਦੇ ਟਿਕਾਣਿਆਂ 'ਤੇ ਹੋਈ ਇਜ਼ਰਾਇਲੀ ਬੰਬਾਰੀ ਕਾਰਨ ਲੱਖਾਂ ਲੋਕ ਬੇਘਰ ਹੋ ਗਏ ਹਨ ਅਤੇ ਦੋਵਾਂ ਪਾਸਿਆਂ ਤੋਂ ਫੌਜੀ ਤੇ ਨਾਗਰਿਕ ਮੌਤਾਂ ਦਾ ਅੰਕੜਾ ਲਗਾਤਾਰ ਵਧਦਾ ਜਾ ਰਿਹਾ ਹੈ। ਸਾ ਊਦੀ ਅਰਬ ਦੇ ਵਿਦੇਸ਼ ਮੰਤਰੀ ਪ੍ਰਿੰਸ ਫ਼ੈਸਲ ਬਿਨ ਫਰਹਾਨ ਨੇ ਇਰਾਨ ਨੂੰ ਸਖ਼ਤ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਇਰਾਨੀ ਹਮਲਿਆਂ ਦੇ ਜਵਾਬ ਵਿੱਚ ਫ਼ੌਜੀ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਰੱਖਦਾ ਹੈ। ਵੀਰਵਾਰ ਨੂੰ ਰਿਆਧ ਵਿੱਚ ਹੋਈ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਇਰਾਨ ਵੱਲੋਂ ਕੀਤੇ ਗਏ ਸਿੱਧੇ ਬੈਲਿਸਟਿਕ ਮਿਜ਼ਾਈਲ ਹਮਲਿਆਂ ਨੇ ਦੋਵਾਂ ਦੇਸ਼ਾਂ ਵਿਚਾਲੇ ਬਣੇ ਭਰੋਸੇ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਇਹ ਤਣਾਅ ਉਦੋਂ ਵਧਿਆ ਜਦੋਂ ਇਰਾਨ ਨੇ ਇਜ਼ਰਾਈਲ ਵੱਲੋਂ ਆਪਣੇ ਗੈਸ ਫੀਲਡਾਂ 'ਤੇ ਕੀਤੇ ਹਮਲਿਆਂ ਦਾ ਬਦਲਾ ਲੈਣ ਲਈ ਸਾਊਦੀ ਅਰਬ ਅਤੇ ਕਤਰ ਦੇ ਤੇਲ ਤੇ ਗੈਸ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਸਹੁੰ ਖਾਧੀ। ਪਿਛਲੇ ਤਿੰਨ ਹਫ਼ਤਿਆਂ ਤੋਂ ਜਾਰੀ ਇਸ ਜੰਗ ਨੇ ਪੂਰੇ ਖੇਤਰ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਬੁੱਧਵਾਰ ਨੂੰ ਸਾਊਦੀ ਰੱਖਿਆ ਮੰਤਰਾਲੇ ਨੇ ਰਿਆਦ ਵੱਲ ਆ ਰਹੀਆਂ ਚਾਰ ਬੈਲਿਸਟਿਕ ਮਿਜ਼ਾਈਲਾਂ ਨੂੰ ਹਵਾ ਵਿੱਚ ਹੀ ਤਬਾਹ ਕਰ ਦਿੱਤਾ, ਜਿਨ੍ਹਾਂ ਦਾ ਮਲਬਾ ਸ਼ਹਿਰ ਦੇ ਦੱਖਣ ਵਿੱਚ ਸਥਿਤ ਇੱਕ ਰਿਫਾਇਨਰੀ ਕੋਲ ਡਿੱਗਿਆ। ਵਿਦੇਸ਼ ਮੰਤਰੀ ਨੇ ਸਪੱਸ਼ਟ ਕੀਤਾ ਕਿ ਭਾਵੇਂ ਸਾਊਦੀ ਅਰਬ ਅਜੇ ਵੀ ਕੂਟਨੀਤੀ ਨੂੰ ਪਹਿਲ ਦਿੰਦਾ ਹੈ, ਪਰ ਜੇਕਰ ਇਰਾਨ ਨੇ ਆਪਣੀਆਂ ਹਮਲਾਵਰ ਕਾਰਵਾਈਆਂ ਤੁਰੰਤ ਨਾ ਰੋਕੀਆਂ, ਤਾਂ ਸਥਿਤੀ ਬੇਕਾਬੂ ਹੋ ਸਕਦੀ ਹੈ। ਸਾਊਦੀ ਅਰਬ ਦੇ ਲਾਲ ਸਾਗਰ (Red Sea) ਸਥਿਤ ਮਹੱਤਵਪੂਰਨ 'ਯਾਨਬੂ' ਬੰਦਰਗਾਹ 'ਤੇ ਵੀਰਵਾਰ ਨੂੰ ਇੱਕ ਹਵਾਈ ਹਮਲਾ ਹੋਣ ਦੀ ਖ਼ਬਰ ਹੈ। ਸੂਤਰਾਂ ਅਨੁਸਾਰ, ਇਹ ਬੰਦਰਗਾਹ ਮੌਜੂਦਾ ਸਮੇਂ ਵਿੱਚ ਸਾਊਦੀ ਅਰਬ ਦੇ ਕੱਚੇ ਤੇਲ ਦੇ ਨਿਰਯਾਤ ਲਈ ਇਕਲੌਤਾ ਰਸਤਾ ਬਚੀ ਹੈ, ਕਿਉਂਕਿ ਹੋਰ ਰਸਤੇ ਜੰਗ ਕਾਰਨ ਪਹਿਲਾਂ ਹੀ ਪ੍ਰਭਾਵਿਤ ਹਨ। ਹਾਲਾਂਕਿ, ਉਦਯੋਗਿਕ ਸੂਤਰਾਂ ਦਾ ਕਹਿਣਾ ਹੈ ਕਿ ਇਸ ਹਮਲੇ ਨਾਲ ਬਹੁਤ ਘੱਟ ਨੁਕਸਾਨ ਹੋਇਆ ਹੈ ਅਤੇ ਕੰਮਕਾਜ 'ਤੇ ਕੋਈ ਵੱਡਾ ਅਸਰ ਨਹੀਂ ਪਿਆ। ਜੰਗ ਦੌਰਾਨ ਇਰਾਨ ਵਿੱਚ 1,300 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਲਿਬਨਾਨ ਵਿੱਚ ਇਰਾਨ ਸਮਰਥਿਤ ਹਿਜ਼ਬੁੱਲਾ ਅਤਿਵਾਦੀ ਸਮੂਹ ਵਿਰੁੱਧ ਇਜ਼ਰਾਈਲੀ ਹਮਲਿਆਂ ਨੇ 10 ਲੱਖ ਤੋਂ ਵੱਧ ਲੋਕਾਂ ਨੂੰ ਬੇਘਰ ਕੀਤਾ ਹੈ।

